1 ਨਵੰਬਰ, 2023

## ਸਿਟੀ ਆਫ ਬ੍ਰੈਂਪਟਨ, ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਅਤੇ ਕਮਿਉਨਿਟੀ ਦੀ ਭਲਾਈ ਨੂੰ ਵਧਾਉਣ ਲਈ ਬਿਜਨੇਸ ਲਾਇਸੈਂਸਿੰਗ ਉਪ-ਕਨੂੰਨ ਦਾ ਆਧੁਨਿਕੀਕਰਨ ਕੀਤਾ ਹੈ

ਬ੍ਰੈਂਪਟਨ, ਓਨਟੈਰੀਓ – ਵਸਨੀਕਾਂ ਅਤੇ ਕਾਰੋਬਾਰਾਂ ਨੂੰ ਬਿਹਤਰ ਸੇਵਾ ਦੇਣ ਲਈ, ਅਤੇ ਕਮਿਉਨਿਟੀ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ, ਸਿਟੀ ਨੇ ਬਿਜਨੇਸ ਲਾਇਸੈਂਸਿੰਗ ਉਪ-ਕਨੂੰਨ 332-2013 (Business Licensing By-Law 332-2013) ਨੂੰ ਬਦਲ ਕੇ, ਬਿਜਨੇਸ ਲਾਇਸੈਂਸਿੰਗ ਉਪ-ਕਨੂੰਨ 184-2023 (Business Licensing By-Law 184-2023) ਕਰ ਦਿੱਤਾ ਹੈ। 1 ਨਵੰਬਰ ਤੋਂ, ਹੇਠਾਂ ਦਿੱਤੇ ਕਾਰੋਬਾਰਾਂ ਲਈ ਬ੍ਰੈਂਪਟਨ ਵਿੱਚ ਕੰਮ ਕਰਨ ਲਈ ਸਾਲਾਨਾ ਬਿਜਨੇਸ ਲਾਇਸੈਂਸ (Business Licence) ਲੈਣਾ ਜ਼ਰੂਰੀ ਹੋਵੇਗਾ:

- ਆਊਟਡੋਰ ਸਟੋਰੇਜ ਫੈਸਿਲਿਟੀਜ,
- ਪਾਲਤੂ ਜਾਨਵਰਾਂ ਦੀ ਗ੍ਰੂਮਿੰਗ,
- ਕੇਟਰਰਸ, ਅਤੇ
- ਆਊਟ-ਆਫ-ਟਾਊਨ ਕਾਰ ਰੈਂਟਲ ਕਾਰੋਬਾਰ।

ਨਵੇਂ ਉਪ-ਕਨੂੰਨ ਵਿੱਚ ਵਹੀਕਲ ਪਾਊਂਡ ਫੈਸਿਲਿਟੀਜ (Vehicle Pound Facilities) ਦੀ ਵੀ ਲੋੜ ਹੋਵੇਗੀ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਾਹਨ ਮਾਲਕ ਆਪਣੀ ਸੁਵਿਧਾ ਨਾਲ, ਵਾਹਨ ਜਾਂ ਇਸਦੀ ਸਮੱਗਰੀਆਂ ਤੱਕ ਪਹੁੰਚ ਕੇ ਇਸਨੂੰ ਰਿਲੀਜ ਕਰਵਾ ਸਕਦੇ ਹਨ ਅਤੇ ਅਲਕੋਹਲ ਐਂਡ ਗੇਮਿੰਗ ਕਮਿਸ਼ਨ ਆਫ ਓਨਟੈਰੀਓ (ਏ.ਜੀ.ਸੀ.ਓ.) (Alcohol and Gaming Commission of Ontario) (AGCO) ਵੱਲੋਂ ਮਨਜ਼ੂਰੀਸ਼ੁਦਾ ਮਨੋਰੰਜਨ ਦੀਆਂ ਥਾਵਾਂ (Places of Amusement) ਵਿੱਚ ਉਹਨਾਂ ਲਈ ਅਲਕੋਹਲ ਪਰੋਸੇ ਜਾਣ ਦੀ ਇਜਾਜ਼ਤ ਹੈ।
ਵਸਨੀਕਾਂ ਅਤੇ ਕਾਰੋਬਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤਬਦੀਲੀਆਂ ਦੀ ਪੂਰੀ ਸੂਚੀ ਲਈ ਅਤੇ ਇਹ ਸਮਝਣ ਲਈ ਕਿ ਉਹ ਉਹਨਾਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀਆਂ ਹਨ, ਨਵੇਂ ਸਟੇਸ਼ਨਰੀ ਬਿਜਨੇਸ ਲਾਇਸੈਂਸਿੰਗ (Stationary Business Licensing) ਉਪ-ਕਨੂੰਨ ਦੀ ਸਮੀਖਿਆ ਕਰੋ।
ਸਿਟੀ ਆਫ ਬ੍ਰੈਂਪਟਨ, ਕਮਿਉਨਿਟੀ ਦੀ ਸੁਰੱਖਿਆ ਅਤੇ ਭਲਾਈ ਨੂੰ ਕਾਇਮ ਰੱਖਦੇ ਹੋਏ, ਕਾਰੋਬਾਰ-ਅਨੁਕੂਲਿਤ ਮਹੌਲ ਵਿਕਸਿਤ ਕਰਨ ਲਈ ਵਚਨਬੱਧ ਹੈ।

**ਲਿੰਕ**
ਨਵੇਂ ਬਿਜਨੇਸ ਲਾਇਸੈਂਸਿੰਗ ਉਪ-ਕਨੂੰਨ ਦੀ ਸਮੀਖਿਆ ਕਰਨ ਲਈ, ਕਿਰਪਾ ਕਰਕੇ ਇੱਥੇ ਜਾਓ: https://pub-brampton.escribemeetings.com/filestream.ashx?DocumentId=95306.

**ਵਾਧੂ ਜਾਣਕਾਰੀ**
ਨਵੇਂ ਸਟੇਸ਼ਨਰੀ ਬਿਜਨੇਸ ਲਾਇਸੈਂਸਿੰਗ ਉਪ-ਕਨੂੰਨ 184-2023 (Stationary Business Licensing By-Law 184-2023) ਬਾਰੇ ਵਾਧੂ ਜਾਣਕਾਰੀ ਲਈ, ਕਿਰਪਾ ਕਰਕੇ Licensing@brampton.ca ਤੇ ਸੰਪਰਕ ਕਰੋ।



The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca